# ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਪੰਜਵੀ ਮੰਜਿਲ, ਬਲਾਕ-ਈ, ਫੇਜ਼-8, ਅਜੀਤਗੜ੍ਹ (ਮੋਹਾਲੀ)

ਫੋਨ ਨੰ: 0172-5212345 ਫੈਕਸ ਨ: 0172-5212369, 5212370

ਈ-ਮੇਲ:civilssa@gmail.com Website: ssapunjab.org


---

ਵੱਲ

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ/ਸੈ.ਸਿੱ),
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਪੰਜਾਬ।

**ਮੀਮੋ ਨੰ: ਸਸਅ/ਸਿਵਲ ਵਰਕਸ/2016/** 10305
**ਮਿਤੀ, ਅਜੀਤਗੜ੍ਹ :** 6/07/2016

ਵਿਸ਼ਾ :- **Appointment of Student Ambassadors for Swachh Bharat Vidyalaya.**

ਹਵਾਲਾ ਨੰ: **ਇਸ ਦਫਤਰ ਦੇ ਪੱਤਰ ਨੰ ਸਸਅ/ਸਿਵਲ ਵਕਰਸ/2015/19851/52ਮਿਤੀ ਮੋਹਾਲੀ:20-11-2015 ਦੇ ਸਬੰਧ ਵਿਚ।**

1.0 ਉਪਰੋਕਤ ਵਿੱਸ਼ੇ ਅਤੇ ਹਵਾਲੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਹਵਾਲੇ ਅਧੀਨ ਸਵੱਛ ਭਾਰਤ ਅਭਿਆਨ ਤਹਿਤ ਸਕੂਲਾਂ ਵਿੱਚ ਸਾਫ ਸੁੱਥਰਾ ਵਾਤਾਵਰਨ ਅਤੇ ਸਵੱਛਤਾ ਪ੍ਰਧਾਨ ਕਰਨ ਲਈ ਸਕੂਲਾਂ ਵਿੱਚ ਸਾਫ ਸੁਥਰੇ ਟੁਆਇਲਟਸ ਅਤੇ ਹਰ ਸਕੂਲ ਵਿੱਚ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਅਤੇ ਸਕੂਲ ਚੋਗਿਰਦੇ ਦੀ ਸਫਾਈ ਅਤੇ ਬੱਚਿਆਂ ਵਿੱਚ ਸੱਵਛਤਾ ਨੂੰ ਅਪਣਾਉਣ ਲਈ ਉਹਨਾਂ ਦੀ ਮਾਨਸਿਕਤਾ ਨੂੰ ਬਦਲਣ ਵਾਸਤੇ ਕਈ ਤਰਾਂ ਦੀਆਂ ਕ੍ਰਿਰਿਆਵਾਂ ਕਰਵਾਉਣ ਲਈ ਬਾਲ 'ਕੌਂਸਿਲ' ਦਾ ਗਠਨ ਕੀਤਾ ਗਿਆ ਸੀ ਜਿਸ ਵਿੱਚ ਬੱਚਿਆਂ ਅਤੇ ਅਧਿਆਪਕਾਂ ਦੀ ਸਹੂਲੀਅਤ ਨਾਲ ਸੱਵਛਤਾ ਲਈ ਹਰ ਇੱਕ ਸਕੂਲ ਵਿੱਚ ਇੱਕ ਅਧਿਆਪਕ ਨੂੰ ਇੰਚਾਰਜ ਬਣਾਇਆ ਗਿਆ ਸੀ।

3.0 ਇਸ ਮੁਹਿੰਮ ਨੂੰ ਕਾਇਮ ਰੱਖਣ ਲਈ ਭਾਰਤ ਸਰਕਾਰ ਵੱਲੋਂ ਪ੍ਰਾਪਤ ਪੱਤਰ ਅਨੁਸਾਰ ਸਕੂਲਾਂ ਵਿੱਚ ਸਫਾਈ ਅਤੇ ਸਵੱਛਤਾ ਦੇ ਨਾਲ ਹਰ ਸਕੂਲ ਵਿੱਚ ਅਧਿਆਪਕ ਦੇ ਨਾਲ-ਨਾਲ ਇਕ ਵਿਦਿਆਰਥੀ Ambassadors ਨੂੰ ਵੀ ਨਿਯੁਕਤ ਕੀਤਾ ਜਾਵੇ ਜ਼ੋ ਕਿ ਵਿਦਿਆਰਥੀਆਂ ਵਿੱਚ ਸਫਾਈ,ਸਾਂਭ ਸਭਾਲ ਅਤੇ ਸਵੱਛਤਾ Sanitation /Cleanliness ਬਾਰੇ ਜਾਗਰੂਕਤਾ ਪੈਦਾ ਕਰੇ। ਇਸ ਵਿਦਿਆਰਥੀ Ambssadors ਦੀਆਂ ਹੇਠ ਲਿਖੀਆਂ ਡਿਊਟੀਆਂ ਅਤੇ ਜਿੰਮੇਵਾਰੀਆਂ ਹੋਣਗੀਆਂ।

1. ਸਕੂਲ ਵਿੱਚ ਇਹ ਵੇਖਿਆ ਜਾਵੇ ਕਿ ਸਾਰੇ ਬੱਚਿਆਂ ਲਈ ਸਾਫ ਸੁਥਰੇ ਪੀਣ ਵਾਲੇ ਪਾਣੀ ਦੀ ਸਹੂਲਤ ਦੀ ਉਪਲੱਬਤਾ ਹੈ।
2. ਇਹ ਸੁਨਿਸਚਤ ਕੀਤਾ ਜਾਵੇ ਕਿ ਪੀਣ ਵਾਲੇ ਪਾਣੀ ਦੇ ਆਲੇ ਦੁਆਲੇ ਦੀ ਸਫਾਈ ਹੋਵੇ, ਉਸ ਨੂੰ ਸਹੀ ਤਰੀਕੇ ਨਾਲ ਰੱਖਿਆ ਜਾਵੇ ਅਤੇ ਉੱਥੇ ਪਾਣੀ ਦੀ ਕੋਈ ਬਰਬਾਦੀ ਨਾ ਹੋਵੇ।

3. ਸਾਰੇ ਸਕੂਲ ਦੇ ਕੰਪਲੈਕਸ ਦੀ ਇਮਾਰਤ ਸਮੇਤ ਕਲਾਸਰੂਮ, ਪਖਾਨੇ, ਸਟਾਫ ਰੂਮ, ਖੇਡ ਦਾ ਮੈਦਾਨ, ਮਿਡ ਡੇ ਮੀਲ ਰਸੋਈ, ਸਟੋਰ ਰੂਮ ਅਤੇ ਹੋਰ ਜਗ੍ਹਾਂ ਤੇ ਸਫਾਈ ਨੂੰ ਵੇਖਿਆ ਜਾਵੇ ਅਤੇ ਕੂੜੇਦਾਨ ਦਾ ਹੋਣਾ ਯਕੀਨੀ ਬਣਾਈਆ ਜਾਵੇ।

4. ਇਹ ਵੇਖਿਆ ਜਾਵੇ ਕਿ ਹੱਥ ਧੋਣ ਲਈ ਸਾਬਣ ਅਤੇ ਟੁਆਇਲਟਾਂ ਦੀ ਸਫਾਈ ਸਬੰਧੀ ਸਮੱਗਰੀ ਦਾ ਪ੍ਰਬੰਧ ਹੈ।

5. ਇਹ ਵੇਖਿਆ ਜਾਵੇ ਕਿ ਸਕੂਲਾਂ ਵਿੱਚ ਟੁਆਇਲਟ ਚਾਲੂ ਹਾਲਤ ਵਿੱਚ ਹਨ ਅਤੇ ਹਰ ਇਕ ਦੀ ਪਹੁੰਚ ਤੇ ਹਨ।

6. ਇਹ ਵੇਖਿਆ ਜਾਵੇ ਕਿ ਬੱਚਿਆਂ ਵੱਲੋਂ ਸਕੂਲ ਵਿਚ ਬਿਲਡਿੰਗ, ਫਰਨੀਚਰ, ਸਮਾਨ ਦੀ ਤੋੜ-ਭੰਨ ਨਾ ਕੀਤੀ ਜਾਵੇ।

7. ਬੱਚਿਆਂ ਨੂੰ ਸਵੱਛ ਵਿਦਿਆਲਯ ਉਪਰ ਲੇਖ, ਸਿਹਤ ਸਬੰਧੀ ਬਰੋਸ਼ਰ ਅਤੇ ਪੇਟਿੰਗ ਮੁਕਾਬਲੇ ਕਰਵਾ ਕੇ ਉਤਸ਼ਾਹਿਤ ਕਰਵਾਇਆ ਜਾਵੇ।

ਉਪਰੋਕਤ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਅਤੇ ਬੱਚਿਆਂ ਨੂੰ ਸਵੱਛਤਾ ਬਾਰੇ ਜਾਣੂ ਕਰਵਾਇਆ ਜਾਵੇ।

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ।